"ਪਰਿਵਾਰਕ ਸਮਰਥਨ ਅਤੇ ਹਮਾਇਤ ਪ੍ਰੋਗਰਾਮ ਪਰਿਵਾਰ ਦੇ ਮੈਂਬਰਾਂ ਨੂੰ ਇੱਕੋ ਜਿਹੇ ਤਜਰਬਿਆਂ ਦੀ ਸਾਂਝ ਕਰਨ ਦੁਆਰਾ ਸਿੱਖਣ ਅਤੇ ਇਕ-ਦੂਜੇ ਦੀ ਮਦਦ ਕਰਨ ਦੇ ਯੋਗ ਬਣਾਉਂਦਾ ਹੈ। ਪਰਿਵਾਰਕ ਸਮਰਥਨ ਸਮੂਹਾਂ ਦੁਆਰਾ, ਮੈਨੂੰ ਹੋਰਨਾਂ ਮਾਪਿਆਂ ਤੋਂ ਉਨ੍ਹਾਂ ਦੇ ਬੱਚਿਆਂ ਦੁਆਰਾ ਸਾਹਮਣਾ ਕੀਤੇ ਜਾਣ ਵਾਲੇ ਮੁੱਦਿਆਂ ਬਾਰੇ ਪਤਾ ਲੱਗਾ ਜਿਹੜੇ ਕਿ ਮੇਰੇ ਆਪਣੇ ਮੁੱਦਿਆਂ ਵਰਗੇ ਹਨ। ਪਰਿਵਾਰਾਂ ਦੇ ਵਿਚਕਾਰ ਸ਼ਕਤੀ ਹੁੰਦੀ ਹੈ ਕਿਉਂਕਿ ਅਸੀਂ ਸਾਂਝੇ ਤਜਰਬਿਆਂ ਰਾਹੀਂ ਇਕਜੁੱਟ ਹੁੰਦੇ ਹਾਂ।"

— ਚਿਗੁਆਸਾ ਬੀ (Chigusa B)



ਹਰੇਕ ਪਰਿਵਾਰ ਦੀਆਂ ਵਿਲੱਖਣ ਲੋੜਾਂ ਹੁੰਦੀਆਂ ਹਨ।

ਤੁਸੀਂ ਇਸ ਸਮੇਂ ਕਿਸੇ ਵੀ ਪੱਧਰ ਉੱਤੇ ਹੋਵੋ, ਅਸੀਂ ਤੁਹਾਡੇ ਪਰਿਵਾਰ ਦੇ ਸਮਰਥਨ ਲਈ ਮੌਜੂਦ ਹਾਂ।

develop.bc.ca

ਵਿਕਾਸਾਤਮਕ ਵਿਕਲਾਂਗ ਸੰਘ (Developmental Disabilities Association) ਦਾ ਟੀਚਾ ਵਿਕਾਸਾਤਮਕ ਅਯੋਗਤਾਵਾਂ ਵਾਲੇ ਬੱਚਿਆਂ ਅਤੇ ਬਾਲਗਾਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਦੇ ਯੋਗ ਬਣਾਉਣਾ ਹੈ।

Developmental
Disabilities Association


ਪਰਿਵਾਰਕ ਸਮਰਥਨ ਅਤੇ ਹਮਾਇਤ ਪ੍ਰੋਗਰਾਮ

ਯੂਨਿਟ 100-3851 ਸ਼ੈੱਲ ਰੋਡ, ਰਿਚਮੰਡ ਬੀਸੀ V6X 2W2
ਟੈਲੀਫ਼ੋਨ: 604.273.9778 ਫੈਕਸ: 604.273.9770

www.develop.bc.ca

@DDA604 @DEVELOPDDA @DDA604


ਕਿਰਪਾ ਕਰਕੇ ਰੀਸਾਇਕਲ ਕਰੋ।



# ਪਰਿਵਾਰਕ ਸਮਰਥਨ ਅਤੇ ਹਮਾਇਤ

Developmental
Disabilities Association

# ਅਸੀਂ ਤੁਹਾਡੇ ਪਰਿਵਾਰ ਦਾ ਸਮਰਥਨ ਅਤੇ ਹਮਾਇਤ ਕਰਦੇ ਹਾਂ:

- ਮਹੱਤਵਪੂਰਨ ਤਬਦੀਲੀ ਦੀਆਂ ਗਤੀਵਿਧੀਆਂ (ਪ੍ਰੀ-ਸਕੂਲ ਤੋਂ ਸਕੂਲ, ਸਕੂਲ ਤੋਂ ਕੰਮ, ਅਤੇ ਘਰੇਲੂ ਰਿਹਾਇਸ਼ ਤੋਂ ਆਤਮਨਿਰਭਰ ਰਿਹਾਇਸ਼) ਨਾਲ ਨਜਿੱਠਣ ਲਈ ਸਮਰਥਨ ਅਤੇ ਜਾਣਕਾਰੀ ਪ੍ਰਦਾਨ ਕਰਨਾ
- ਵੱਖ-ਵੱਖ ਸਰਕਾਰੀ ਏਜੰਸੀਆਂ - ਮੰਤਰਾਲਿਆਂ, ਸਕੂਲ ਬੋਰਡਾਂ ਅਤੇ ਸਿਹਤ ਦੇਖਭਾਲ ਪ੍ਰਦਾਨਕਰਤਾਵਾਂ ਦੀਆਂ ਸੇਵਾਵਾਂ ਲਈ ਸਮਰਥਨ ਅਤੇ ਹਮਾਇਤ ਪ੍ਰਦਾਨ ਕਰਨਾ
- ਸਾਡੇ ਪਰਿਵਾਰਕ ਸਮਰਥਨ ਅਤੇ ਜਾਣਕਾਰੀ ਸਮੂਹਾਂ ਵਿੱਚ ਜਾਣਕਾਰੀ ਸਾਂਝੀ ਕਰਨ ਅਤੇ ਸਮਰਥਨ ਲਈ ਤੁਹਾਡੀ ਜਾਣ-ਪਛਾਣ ਤੁਹਾਡੇ ਵਰਗੇ ਪਰਿਵਾਰਾਂ ਅਤੇ/ਜਾਂ ਸਮੂਹਾਂ ਨਾਲ ਕਰਵਾਉਣਾ



- ਪਰਿਵਾਰਾਂ ਨੂੰ ਸਿੱਧਾ ਸੇਵਾ ਪ੍ਰਦਾਨਕਰਤਾਵਾਂ, ਪਰਿਵਾਰਕ ਨੈੱਟਵਰਕਾਂ, ਸਰਕਾਰੀ ਅਤੇ ਵਿਦਿਅਕ ਪ੍ਰੋਗਰਾਮਾਂ ਜਾਂ ਸਮਰਥਰਨ ਪ੍ਰਦਾਨ ਕਰਾਏ ਜਾ ਸਕਣ ਵਾਲੇ ਪ੍ਰਤੀਨਿਧਾਂ ਨਾਲ ਜੋੜਨਾ
- ਸਿਖਲਾਈ, ਜਾਣਕਾਰੀ ਸੈਸ਼ਨ, ਬੁਲਾਰੇ ਅਤੇ ਪਰਿਵਾਰਕ ਸਮਰਥਨ ਸਮੂਹਾਂ ਦਾ ਆਯੋਜਨ ਕਰਨਾ
- ਸਮਾਜਕ ਸੇਵਾਵਾਂ ਨਾਲ ਸੰਪਰਕ ਸਥਾਪਤ ਕਰਵਾਉਣਾ ਅਤੇ ਡੀਡੀਏ ਦੀ ਕਿਤਾਬਾਂ, ਲੇਖਾਂ ਅਤੇ ਵਿਡੀਓ ਦੀ ਲਾਇਬਰੇਰੀ ਲਈ ਪਹੁੰਚ ਪ੍ਰਦਾਨ ਕਰਵਾਉਣਾ

# ਅਸੀਂ ਜਾਣਦੇ ਹਾਂ ਕਿ ਹਰ ਪਰਿਵਾਰ ਦੀਆਂ ਵਿਲੱਖਣ ਲੋੜਾਂ ਹੁੰਦੀਆਂ ਹਨ

ਪਰਿਵਾਰਕ ਸਮਰਥਨ ਅਤੇ ਹਮਾਇਤ ਪ੍ਰੋਗਰਾਮ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਸਮਰਥਨ ਲਈ ਅਨੁਕੂਲਿਤ, ਵਿਅਕਤੀਗਤ ਸੇਵਾਵਾਂ ਪ੍ਰਦਾਨ ਕਰਦਾ ਹੈ:

- ਤਬਦੀਲੀ ਸਮਰਥਨ
- ਆਵਾਜਾਈ
- ਘਰੇਲੂ ਸਮਰਥਨ ਸੇਵਾਵਾਂ
- ਮਾਤਾ-ਪਿਤਾ ਨੈੱਟਵਰਕ
- ਚਿਕਿਤਸਕ ਦੇਖਭਾਲ
- ਸ੍ਰੋਤ ਅਤੇ ਹਵਾਲੇ
- ਵਿਦਿਆ
- ਵਿੱਤੀ ਯੋਜਨਾ ਸਹਾਇਤਾ

“ਪਰਿਵਾਰਕ ਸਮਰਥਨ ਅਤੇ ਹਮਾਇਤ ਪ੍ਰੋਗਰਾਮ ਬਹੁਤ ਸੰਵੇਦਨਸ਼ੀਲ ਸਮਿਆਂ ਅਤੇ ਸਾਡੇ ਸਭ ਤੋਂ ਵੱਧ ਚੁਣੌਤੀ ਭਰੇ ਪਲਾਂ ਵਿੱਚ ਸੇਧ ਪ੍ਰਦਾਨ ਕਰਦਾ ਹੈ। ਹਮਾਇਤ ਪ੍ਰੋਗਰਾਮ ਦਾ ਸਹਾਰਾ ਸਾਡੇ ਪਰਿਵਾਰ ਨੂੰ ਸਾਡੇ ਬੱਚੇ ਨਾਲ ਚੰਗਾ ਸਮਾਂ ਮਾਣਨ ਲਈ ਪਲ ਪ੍ਰਦਾਨ ਕਰਦਾ ਹੈ ਅਤੇ ਸਾਨੂੰ ਉਨ੍ਹਾਂ ਲਈ ਸਭ ਤੋਂ ਵਧੀਆ ਸੰਭਾਲ ਪ੍ਰਦਾਨ ਕਰਨ ਦੇ ਕਾਬਲ ਬਣਾਉਂਦਾ ਹੈ। ਮੈਂ ਇਸ ਪ੍ਰੋਗਰਾਮ ਦੀ ਵੱਧ ਤੋਂ ਵੱਧ ਸਿਫ਼ਾਰਿਸ਼ ਕਰਦਾ/ਕਰਦੀ ਹਾਂ।”



- ਏਂਜਲਾ ਐੱਸ. (Angela S. )

# ਸਮਰਥਨ ਦੀ ਲੋੜ?

ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਸਾਡੀਆਂ ਸੇਵਾਵਾਂ ਬਾਰੇ ਜਾਣਕਾਰੀ ਚਾਹੁੰਦੇ ਹੋ ਤਾਂ ਸਾਡੇ ਜਾਂ ਪਰਵਿਾਰ ਸਹਾਇਤਾ ਪ੍ਰਰੋਗਰਾਮ ਨੂੰ 604.327.9111 'ਤੇ ਈਮੇਲ ਕਰੋ। ਸਾਡੀ ਟੀਮ ਤੁਹਾਡੇ ਪਰਵਿਾਰ ਲਈ ਸਭ ਤੋਂ ਵਧੀਆ ਫੈਸਲੇ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਜਾਣਕਾਰੀ ਪ੍ਰਦਾਨ ਕਰੇਗੀ।

familysupport@develop.bc.ca

ਵਧੇਰੇ ਜਾਣਕਾਰੀ ਲਈ, ਇੱਥੇ ਜਾਓ: www.develop.bc.ca